# ਪੰਜਾਬ ਬਿਲਡਿੰਗ ਐਡ ਅਦਰ ਕੰਸਟਰਕਸ਼ਨ ਵਰਕਰਸ ਵੈਲਫੇਅਰ ਬੋਰਡ
## 17 ਬੇਜ਼ ਬਿਲਡਿੰਗ ਸੈਕਟਰ 17 ਡੀ, ਚੰਡੀਗੜ੍ਹ
(0172-2540125)

ਸੇਵਾ ਵਿਖੇ

ਰਾਜ ਦੇ ਸਾਰੇ

1. ਸਹਾਇਕ ਕਿਰਤ ਕਮਿਸ਼ਨਰ/ਕਿਰਤ ਤੇ ਸੁਲਾਹ ਅਫਸਰ।
2. ਕਿਰਤ ਇੰਸਪੈਕਟਰ ਗ੍ਰੇਡ-1 ਤੇ 2 ਅਤੇ ਲੇਬਰ ਇੰਨਫੋਰਸਮੈਂਟ ਅਫਸਰ।

ਨੰ:ਬਕਵਵਕ/ਆਨਲਾਈਨ ਰਜਿਸਟਰੇਸ਼ਨ/ 2017/ 6042 - 6114
ਮਿਤੀ: 9.8.17

**ਵਿਸ਼ਾ:-** **ਉਸਾਰੀ ਕਿਰਤੀਆਂ ਦੀ ਰਜਿਸਟਰੇਸ਼ਨ, ਸਕੀਮਾਂ ਅਤੇ ਵਿੱਤੀ ਲਾਭ ਦੇਣ ਆਦਿ ਦੇ ਸਾਰੇ ਕੰਮ ਆਨਲਾਈਨ ਕਰਨ ਬਾਰੇ।**

ਹਵਾਲਾ:- ਇਸ ਦਫਤਰ ਦੇ ਪੱਤਰ ਨੰਬਰ 5802-5899 ਮਿਤੀ 07.08.2017 ਓਕਤ ਵਿਸ਼ੇ ਸਬੰਧੀ।

ਹਵਾਲਾ ਅਧੀਨ ਪੱਤਰ ਰਾਹੀਂ ਆਪ ਨੂੰ ਲਿਖਿਆ ਗਿਆ ਸੀ ਕਿ ਉਸਾਰੀ ਕਿਰਤੀਆਂ ਦੀ ਰਜਿਸਟ੍ਰੇਸ਼ਨ, ਸਕੀਮਾਂ ਅਤੇ ਉਨ੍ਹਾਂ ਨੂੰ ਦੇਣ ਵਾਲੇ ਵਿੱਤੀ ਲਾਭਾਂ ਸਬੰਧੀ ਸਾਰਾ ਕੰਮ-ਕਾਜ ਆਨਲਾਈਨ ਕੀਤਾ ਜਾਵੇ। ਇਸ ਸਬੰਧ ਵਿਚ ਮਾਨਯੋਗ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਆਦੇਸ਼ ਦਿੱਤੇ ਗਏ ਹਨ ਕਿ ਜੇਕਰ ਕਿਸੇ ਅਧਿਕਾਰੀ/ਕਰਮਚਾਰੀ ਵਲੋਂ ਇਹ ਕੰਮ ਆਫਲਾਈਨ ਕੀਤਾ ਜਾਂਦਾ ਹੈ ਤਾਂ ਉਸ ਵਿਰੁੱਧ ਅਨੁਸ਼ਾਸਨਿਕ ਕਾਰਵਾਈ ਕੀਤੀ ਜਾਵੇਗੀ।ਇਸ ਲਈ ਆਪ ਨੂੰ ਲਿਖਿਆ ਜ਼ਾਦਾ ਕਿ ਅੱਗੇ ਲਈ ਉਸਾਰੀ ਕਿਰਤੀਆਂ ਦੀ ਰਜਿਸਟ੍ਰੇਸ਼ਨ, ਸਕੀਮਾਂ ਅਤੇ ਉਨ੍ਹਾਂ ਨੂੰ ਵਿੱਤੀ ਲਾਭ ਦੇਣ ਸਬੰਧੀ ਸਾਰਾ ਕੰਮ ਆਨਲਾਈਨ ਕੀਤਾ ਜਾਵੇ।

**ਇਨ੍ਹਾਂ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।**

ਡਿਪਟੀ ਸਕੱਤਰ

Scanned by CamScanner

**ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ**
**17 ਬੇਜ਼ ਬਿਲਡਿੰਗ ਸੈਕਟਰ 17 ਡੀ, ਚੰਡੀਗੜ੍ਹ**
**(0172-2540125)**

ਸੇਵਾ ਵਿਖੇ

ਰਾਜ ਦੇ ਸਾਰੇ
1. ਡਿਪਟੀ/ਸਹਾਇਕ ਡਾਇਰੈਕਟਰ ਆਫ ਫੈਕਟਰੀਜ਼।
2. ਸਹਾਇਕ ਕਿਰਤ ਕਮਿਸ਼ਨਰ/ਕਿਰਤ ਤੇ ਸੁਲਾਹ ਅਫਸਰ।
3. ਕਿਰਤ ਇੰਸਪੈਕਟਰ ਗ੍ਰੇਡ-1 ਤੇ 2 ਅਤੇ ਲੇਬਰ ਇੰਸਫੋਰਸਮੈਂਟ ਅਫਸਰ।

ਨੰ:ਬਕਵਵਕ/ਆਨਲਾਈਨ ਰਜਿਸਟਰੇਸ਼ਨ/ 2017/ 5802-5811
ਮਿਤੀ: 7.8.17

**ਵਿਸ਼ਾ:-** ਉਸਾਰੀ ਕਿਰਤੀਆਂ ਦੀ ਰਜਿਸਟਰੇਸ਼ਨ, ਸਕੀਮਾਂ ਅਤੇ ਵਿੱਤੀ ਲਾਭਾਂ ਆਦਿ ਦੇ ਸਾਰੇ ਕੰਮ ਆਨਲਾਈਨ ਕਰਨ ਬਾਰੇ।

ਆਪ ਨੂੰ ਲਿਖਿਆ ਜਾਂਦਾ ਹੈ ਕਿ ਉਸਾਰੀ ਕਿਰਤੀਆਂ ਦੀ ਰਜਿਸਟਰੇਸ਼ਨ, ਆਨਲਾਈਨ ਪੇਮੈਂਟ, ਉਸਾਰੀ ਕਿਰਤੀਆਂ ਦੀਆਂ ਵਿੱਤੀ ਲਾਭਾਂ ਸਬੰਧੀ ਅਰਜੀਆਂ, ਪ੍ਰਬੰਧਕਾਂ ਦੇ ਅਦਾਰੇ ਦੀ ਰਜਿਸਟਰੇਸ਼ਨ ਅਤੇ ਉਸਾਰੀ ਅਧੀਨ ਬਿਲਡਿੰਗਾਂ ਤੇ ਸੈਸ ਆਦਿ ਬੋਰਡ ਪਾਸ ਜਮਾਂ ਕਰਵਾਉਣ ਲਈ ਬੋਰਡ ਦਾ ਵੈਬ-ਪੋਰਟਲ **bocw.punjab.gov.in** ਮੁੰਕਮਲ ਰੂਪ ਵਿਚ ਚਾਲੂ ਹੋ ਗਿਆ ਹੈ।ਇਸ ਲਈ ਉਸਾਰੀ ਕਿਰਤੀਆਂ ਦੀ ਰਜਿਸਟਰੇਸ਼ਨ, ਉਸਾਰੀ ਕਿਰਤੀਆਂ ਦੀਆਂ ਵਿੱਤੀ ਲਾਭਾਂ ਸਬੰਧੀ ਅਰਜੀਆਂ, ਪ੍ਰਬੰਧਕਾਂ ਦੇ ਅਦਾਰੇ ਦੀ ਰਜਿਸਟਰੇਸ਼ਨ ਅਤੇ ਉਸਾਰੀ ਬਿਲਡਿੰਗਾਂ ਤੇ ਸੈਸ ਆਦਿ ਸਬੰਧੀ ਸਾਰਾ ਕੰਮ ਆਨਲਾਈਨ ਕੀਤਾ ਜਾਇਆ ਕਰੇ।

ਇਸ ਤੋਂ ਇਲਾਵਾ ਇਹ ਵੀ ਦੱਸਿਆ ਜਾਂਦਾ ਹੈ ਕਿ ਜਿਥੋਂ ਤੀਕ ਉਸਾਰੀ ਕਿਰਤੀਆਂ ਦੀ ਆਨਲਾਈਨ ਰਜਿਸਟਰੇਸ਼ਨ/ਕੰਟਰੀਬਿਊਸ਼ਨ ਫੀਸ ਜਮਾਂ ਕਰਵਾਉਣ ਦਾ ਮੁੱਦਾ ਹੈ, ਇਸ ਸਬੰਧ ਵਿਚ ਵੈਬ-ਪੋਰਟਲ **bocw.punjab.gov.in** ਤੇ ਇਹ **option** ਉਪਲਬੱਧ ਹੈ ਕਿ ਉਸਾਰੀ ਕਿਰਤੀ ਇਹ ਫੀਸ **offline/online payment gateway** ਕਿਸੇ ਵੀ **mode** ਰਾਹੀਂ ਕਰਵਾ ਸਕਦਾ ਹੈ।

ਇਨ੍ਹਾਂ ਅਦੇਸ਼ਾ ਦੀ ਇੰਨ-ਬਿਨ ਪਾਲਣਾ ਕੀਤੀ ਜਾਵੇ।

ਡਿਪਟੀ ਸਕੱਤਰ,
ਵਾਸਤੇ ਸਕੱਤਰ ਬੋਰਡ।

Scanned by CamScanner